# Press Release of Russia-India-China Foreign Ministers

September 10, 2020

---

## ਰੂਸ-ਭਾਰਤ-ਚੀਨ ਦੇ ਵਿਦੇਸ਼ ਮੰਤਰੀਆਂ ਵੱਲੋਂ ਜਾਰੀ ਪ੍ਰੈਸ ਬਿਆਨ

10 ਸਤੰਬਰ, 2020

ਰੂਸੀ ਵਿਦੇਸ਼ ਮੰਤਰੀ ਸ਼੍ਰੀ ਸਰਗੇਈ ਲਾਵਰੋਵ, ਭਾਰਤੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਚੀਨੀ ਸਟੇਟ ਕੌਂਸਲਰ / ਵਿਦੇਸ਼ ਮੰਤਰੀ ਸ਼੍ਰੀ ਵੈਂਗ ਯੀ ਨੇ 10, ਸਤੰਬਰ 2020 ਨੂੰ ਮਾਸਕੋ ਵਿਚ ਮੁਲਾਕਾਤ ਕੀਤੀ।

ਸਾਰੇ ਮੰਤਰੀਆਂ ਨੇ ਆਪਸੀ ਸਮਝਦਾਰੀ, ਦੋਸਤੀ ਅਤੇ ਵਿਸ਼ਵਾਸ ਦੇ ਜਜ਼ਬੇ ਨਾਲ ਰੂਸ-ਭਾਰਤ-ਚੀਨ ਦੀ ਤਿਕੋਣੀ ਭਾਈਵਾਲੀ ਅਤੇ ਕੌਮਾਂਤਰੀ ਅਤੇ ਖੇਤਰੀ ਮਹੱਤਵ ਦੇ ਪ੍ਰਮੁੱਖ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕੀਤਾ। ਮੰਤਰੀਆਂ ਨੇ ਕਿਹਾ ਕਿ ਕੌਮਾਂਤਰੀ ਵਿਕਾਸ, ਸ਼ਾਂਤੀ ਅਤੇ ਸਥਿਰਤਾ ਨੂੰ ਉਤਸ਼ਾਹਤ ਕਰਨ ਵਿਚ ਤਿੰਨਾਂ ਦੇਸ਼ਾਂ ਦਾ ਸਾਂਝਾ ਵਿਕਾਸ ਅਤੇ ਭਾਈਵਾਲੀ ਮੱਦਦਗਾਰ ਹੈ।

23 ਜੂਨ. 2020 ਨੂੰ ਦੂਜੀ ਆਲਮੀ ਜੰਗ ਵਿਚ ਹਾਸਲ ਹੋਈ ਜਿੱਤ ਦੀ 75ਵੀਂ ਵਰੇਗੰਢ ਅਤੇ ਸੰਯੁਕਤ ਰਾਸ਼ਟਰ ਦੀ ਸਥਾਪਨਾ ਦੇ ਮੌਕੇ 'ਤੇ ਹੋਈ ਆਪਣੀ ਵੀਡੀਓ-ਕਾਨਫ਼ਰੰਸ ਨੂੰ ਯਾਦ ਕਰਦੇ ਹੋਏ ਮੰਤਰੀਆਂ ਨੇ ਸਮਾਵੇਸ਼ੀ ਬਹੁਪੱਖਵਾਦ ਪ੍ਰਤੀ ਆਪਣਾ ਸਮਰਥਨ ਅਤੇ ਸਰਵ-ਵਿਆਪਕ ਮਾਨਤਾ ਪ੍ਰਾਪਤ ਅੰਤਰਰਾਸ਼ਟਰੀ ਕਾਨੂੰਨਾਂ ਦੇ ਸਿਧਾਂਤਾਂ ਪ੍ਰਤੀ ਆਪਣਾ ਸਤਿਕਾਰ ਦੁਹਰਾਇਆ।

ਮੰਤਰੀਆਂ ਨੇ RIC ਫ੍ਰੇਮਵਰਕ ਹੇਠ ਹੋਇਆਂ ਸਾਂਝੀਆਂ ਗਤੀਵਿਧੀਆਂ ਦੇ ਜਾਰੀ ਰਹਿਣ ਦੀ ਸ਼ਲਾਘਾ ਕੀਤੀ, ਜਿਨ੍ਹਾਂ ਵਿਚ ਅਗਸਤ, 2019 ਵਿਚ ਭਾਰਤ ਦੀ ਮੇਜ਼ਬਾਨੀ ਵਿਚ ਖੇਤਰੀ ਮੁੱਦਿਆਂ 'ਤੇ ਹੋਏ ਦੂਜੇ RIC -DG ਪੱਧਰ ਦੇ ਵਿਚਾਰ-ਵਟਾਂਦਰੇ, ਸਤੰਬਰ, 2019 ਵਿਚ ਚੀਨ ਦੀ ਮੇਜ਼ਬਾਨੀ ਵਿਚ ਹੋਇਆ 17ਵਾਂ RIC ਅਕਾਦਮਿਕ ਵਟਾਂਦਰਾ ਸੰਮੇਲਨ, ਅਕਤੂਬਰ, 2019 ਵਿਚ ਰੂਸ ਵੱਲੋਂ ਕਰਾਇਆ ਗਿਆ RIC ਯੰਗ ਡਿਪਲੋਮੈਟ ਪ੍ਰੋਗਰਾਮ ਅਤੇ 8, ਸਤੰਬਰ 2020 ਨੂੰ ਹੋਈ ਰਾਸ਼ਟਰੀ ਸਫਾਈ ਅਤੇ ਮਹਾਂਮਾਰੀ ਵਿਗਿਆਨ ਸੇਵਾਵਾਂ ਦੀ ਪਹਿਲੀ ਆਨਲਾਈਨ ਬੈਠਕ ਸ਼ਾਮਲ ਹੈ। ਮੰਤਰੀਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਵਧੀਆ ਵਿਗਿਆਨਕ ਅਤੇ ਉਦਯੋਗਿਕ ਸਮਰੱਥਾ ਵਾਲੇ ਤਿੰਨੋਂ ਦੇਸ਼ COVID -19 ਮਹਾਂਮਾਰੀ ਦੇ ਪ੍ਰਭਾਵ ਨੂੰ ਘਟਾਉਣ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ।

ਭਾਰਤੀ ਵਿਦੇਸ਼ ਮੰਤਰੀ ਅਤੇ ਚੀਨੀ ਵਿਦੇਸ਼ ਮੰਤਰੀ ਨੇ ਰੂਸ ਦੇ ਵਿਦੇਸ਼ ਮੰਤਰੀ ਨੂੰ RIC ਦੀ ਪ੍ਰਧਾਨਗੀ ਕਰਨ ਅਤੇ ਪਿਛਲੇ ਇੱਕ ਸਾਲ ਦੌਰਾਨ ਆਯੋਜਿਤ ਕਰਾਈਆਂ ਗਈਆਂ ਮੀਟਿੰਗਾਂ / ਕਾਨਫਰੰਸਾਂ ਲਈ ਧੰਨਵਾਦ ਕੀਤਾ। ਰੂਸੀ ਵਿਦੇਸ਼ ਮੰਤਰੀ ਨੇ ਅਧਿਕਾਰਤ ਤੌਰ 'ਤੇ RIC ਦੀ ਪ੍ਰਧਾਨਗੀ ਭਾਰਤ ਦੇ ਵਿਦੇਸ਼ ਮੰਤਰੀ ਨੂੰ ਸੌਂਪੀ।

ਨਵੀਂ ਦਿਲੀ
10 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.